

ਮਾਣਯੋਗ ਖੇਤੀਬਾੜੀ ਮੰਤਰੀ ਸ. ਤੋਤਾ ਸਿੰਘ ਅਤੇ ਵਾਈਸ ਚਾਂਸਲਰ
ਡਾ. ਬਲਦੇਵ ਸਿੰਘ ਢਿੱਲੋਂ ਕੋਲੋਂ ਗੁਰਦੀਪ ਕੌਰ 'ਸਰਦਾਰਨੀ ਜਗਬੀਰ ਕੌਰ
ਮੈਮੋਰੀਅਲ ਪੁਰਸਕਾਰ' ਹਾਸਲ ਕਰਦੇ ਹੋਏ ।

## ਸਹਾਇਕ ਧੰਦਿਆਂ ਦੇ ਧਨੀ
## ਬੀਬੀ ਗੁਰਦੀਪ ਕੌਰ ਅਲੌਹਰਾ ਕਲਾਂ

ਪਟਿਆਲਾ ਜ਼ਿਲ੍ਹੇ ਦੇ ਪਿੰਡ ਅਲੌਹਰਾ ਕਲਾਂ ਦੇ 51 ਸਾਲਾਂ ਬੀਬੀ ਗੁਰਦੀਪ ਕੌਰ ਮਿਹਨਤ ਦੀ ਵਿਲੱਖਣ ਮਿਸਾਲ ਹੈ, ਜਿਸ ਦੀ ਘਾਲਣਾ ਨੂੰ ਵੇਖ,ਸੁਣ ਕੇ ਹਰ ਕੋਈ ਅਚੰਭਿਤ ਹੋਵੇਗਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਬੀਬੀ ਗੁਰਦੀਪ ਦੀ ਮਿਹਨਤ ਦਾ ਮੁੱਲ ਪਾਉਂਦਿਆਂ ਸੰਨ 2014 ਵਿੱਚ ਕਿਸਾਨ ਮੇਲੇ ਦੌਰਾਨ ਉਸ ਨੂੰ ਸਰਦਾਰਨੀ ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ ਨਾਲ ਨਿਵਾਜਿਆ । ਬੀਬੀ ਗੁਰਦੀਪ ਕੌਰ ਆਪਣੀ ਹਿੰਮਤ ਅਤੇ ਪੱਕੇ ਇਰਾਦੇ ਸਦਕਾ ਕਿਸਾਨ ਬੀਬੀਆਂ ਲਈ ਪ੍ਰੇਰਣਾ ਸਰੋਤ ਬਣੇ ਹੋਏ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਹੋਰ ਕਿੱਤਾ ਸਿਖਲਾਈ ਸੰਸਥਾਵਾਂ ਤੋਂ ਸਿਖਲਾਈਆਂ ਹਾਸਲ ਕਰਕੇ ਉਨ੍ਹਾਂ ਨੇ ਸਹਾਇਕ ਧੰਦਿਆਂ ਵਿਚ ਮਿਸਾਲਯੋਗ ਪਹਿਚਾਣ ਬਣਾਈ ਹੈ। ਘੱਟ ਵਿਦਿਅਕ ਯੋਗਤਾ ਅਤੇ ਹੋਰ ਪਰਿਵਾਰਕ ਸਮੱਸਿਆਵਾਂ ਨੂੰ ਉਨ੍ਹਾਂ ਨੇ ਪਹਾੜ ਜਿੱਡਾ ਜੇਰਾ ਕਰਕੇ ਨਜਿੱਠਿਆ ਹੈ। ਇਥੋਂ ਤੱਕ ਕਿ ਪਰਿਵਾਰ ਕੋਲ ਵਾਹੀਯੋਗ ਜ਼ਮੀਨ ਨਹੀਂ ਹੈ, ਪਰ ਫਿਰ ਵੀ ਸਹਾਇਕ ਧੰਦਿਆਂ ਰਾਹੀਂ ਸਫ਼ਲਤਾ ਦੇ ਝੰਡੇ ਗੱਡੇ ਅਤੇ ਕਦੇ ਪਿਛੇ ਮੁੜ ਕੇ ਨਹੀਂ ਵੇਖਿਆ। ਉਨ੍ਹਾਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਤੋਂ ਵੱਖ-ਵੱਖ ਖਾਣਯੋਗ ਪਦਾਰਥਾਂ ਨੂੰ ਤਿਆਰ ਕਰਨ, ਉਨ੍ਹਾਂ ਦੀ ਸਾਂਭ ਸੰਭਾਲ, ਡੱਬਾਬੰਦੀ ਅਤੇ ਲੇਬਲਿੰਗ ਸਬੰਧੀ ਸਿਖਲਾਈ ਹਾਸਲ ਕੀਤੀ। ਸ਼ੁਰੂਆਤ ਵਿੱਚ ਬੀਬੀ ਗੁਰਦੀਪ ਕੌਰ ਨੇ ਬੇਲ ਦਾ ਸ਼ਰਬਤ ਤਿਆਰ ਕੀਤਾ, ਜਿਸ ਨੂੰ ਭਰਪੂਰ ਸਲਾਹਿਆ ਗਿਆ। ਇਸ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਨੇ ਸੋਇਆਬੀਨ ਦੀ ਪ੍ਰੋਸੈਸਿੰਗ ਸੰਬੰਧੀ ਭੋਪਾਲ ਤੋਂ ਸਿਖਲਾਈ ਹਾਸਲ ਕੀਤੀ ਅਤੇ ਉਨ੍ਹਾਂ ਵੱਲੋਂ ਅੱਜ 'ਪ੍ਰੋਟੀਨ ਸ਼ਕਤੀ' ਨਾਂ ਦਾ ਸੋਇਆ ਪਨੀਰ ਬਜ਼ਾਰ ਵਿੱਚ ਹਰਮਨ ਪਿਆਰਾ ਹੋਇਆ ਹੈ। ਬੀਬੀ ਗੁਰਦੀਪ ਕੌਰ ਦਾ ਬਣਾਇਆ ਹੋਇਆ ਸੋਇਆ ਪਨੀਰ ਭਾਰਤ ਸਰਕਾਰ ਵੱਲੋਂ ਵੀ ਪ੍ਰਮਾਣਿਤ ਹੈ। ਪੀ ਏ ਯੂ ਦੇ ਮਾਈਕ੍ਰੋਬਾਇਆਲੋਜੀ ਵਿਭਾਗ ਤੋਂ ਸਿਖਲਾਈ ਹਾਸਲ ਕਰਕੇ ਗੰਨੇ, ਸੇਬ ਅਤੇ ਅੰਗੂਰਾਂ ਤੋਂ ਇਲਾਵਾ ਜਾਮਣ ਦਾ ਸਿਰਕਾ ਵੀ ਤਿਆਰ ਕੀਤਾ ਹੈ । ਉਨ੍ਹਾਂ

ਨੇ ਅਲੌਹਰਾ ਕਲਾਂ ਲੇਡੀਜ਼ ਸੈਲਫ ਹੈਲਪ ਗਰੁੱਪ (ਸਵੈ-ਸਹਾਇਤਾ ਸਮੂਹ) ਵੀ ਸਥਾਪਿਤ ਕੀਤਾ ਹੈ, ਜਿਥੋਂ ਕਈ ਸੁਆਣੀਆਂ ਨੇ ਸਿਖਲਾਈ ਉਪਰੰਤ ਰੁਜ਼ਗਾਰ ਹਾਸਲ ਕੀਤਾ ਹੋਇਆ ਹੈ। ਇਸ ਸੈਲਫ਼ ਹੈਲਪ ਗਰੁੱਪ ਦੀਆਂ ਬੀਬੀਆਂ ਰਲ ਮਿਲ ਕੇ ਵੱਖ-ਵੱਖ ਖਾਣ ਵਾਲੇ ਉਤਪਾਦ ਤਿਆਰ ਕਰਦੀਆਂ ਹਨ ਜਿਵੇਂ ਕਿ ਲੀਚੀ, ਆਲੂ ਬੁਖਾਰਾ, ਅੰਬ, ਬਿਲ, ਆਂਵਲਾ, ਐਲੋਵੀਰਾ ਆਦਿ ਦਾ ਸੁਕੈਸ਼, ਸੋਇਆਬੀਨ ਉਤਪਾਦ ਜਿਵੇਂ ਸੋਇਆ ਦੁੱਧ, ਬਟਰ, ਸੁਕੈਸ਼, ਸਟਰਾਅਬੇਰੀ, ਇਲਾਚੀ , ਮੈਂਗੋ, ਪਾਈਨ ਐਪਲ, ਨਮਕੀਨ ਪਨੀਰ, ਸੋਇਆ ਆਟਾ, ਸਾਦਾ ਪਨੀਰ, ਬਿਸਕੁਟ , ਨਮਕੀਨ ਪਕੌੜੇ ਸੋਇਆ ਵੜੀ, ਸੋਇਆ ਬੂੰਦੀ ਤਿਆਰ ਕੀਤੇ ਜਾਂਦੇ ਹਨ । ਜਿਹੜੇ ਆਚਾਰ ਬਣਾਏ ਜਾਂਦੇ ਹਨ, ਉਨ੍ਹਾਂ ਵਿੱਚ ਅੰਬ , ਕਰੇਲਾ, ਲੱਸਣ, ਢੇਹੂ, ਮਿਰਚ ਮਸਾਲਾ, ਮਿਰਚ ਸਿਰਕਾ, ਗਲਗਲ , ਮਿੱਠਾ ਨਿੰਬੂ, ਖੱਟਾ ਨਿੰਬੂ, ਅੰਬ ਦੀ ਚਟਣੀ, ਅਦਰਕ ਮਸਾਲਾ, ਅਦਰਕ ਸਿਰਕਾ, ਮਿਕਸ ਅਚਾਰ, ਡੇਲੇ, ਮੁਰੱਬਾ, ਆਂਵਲਾ ਮੁਰੱਬਾ, ਗਾਜਰ ਅਤੇ ਸੇਬ ਦਾ ਮੁਰੱਬਾ ਸ਼ਾਮਿਲ ਹਨ । ਦੁੱਧ ਤੋਂ ਤਿਆਰ ਕੀਤੇ ਜਾਣ ਵਾਲੇ ਉਤਪਾਦਾਂ ਵਿੱਚ ਦਹੀਂ, ਚਾਟੀ ਦੀ ਲੱਸੀ, ਨਮਕੀਨ ਲੱਸੀ, ਮਿੱਠੀ ਲੱਸੀ । ਸਿਰਕੇ ਵਿੱਚ ਗੰਨੇ ਦਾ ਸਿਰਕਾ, ਜਾਮਣ ਦਾ ਸਿਰਕਾ, ਅੰਗੂਰ ਦਾ ਸਿਰਕਾ, ਸੇਬ ਦਾ ਸਿਰਕਾ ਤਿਆਰ ਕਰਕੇ ਵੇਚੇ ਜਾਂਦੇ ਹਨ। ਇਨ੍ਹਾਂ ਉਤਪਾਦਾਂ ਦੀ ਵਿਕਰੀ ਤੋਂ ਬਾਅਦ ਹੋਣ ਵਾਲੀ ਕਮਾਈ ਨਾਲ ਆਪੋ-ਆਪਣੇ ਪਰਿਵਾਰਾਂ ਦਾ ਖਰਚਾ ਚਲਾਉਂਦੀਆਂ ਹਨ । ਬੀਬੀ ਗੁਰਦੀਪ ਕੌਰ ਦੀ ਅਗਵਾਈ ਵਿੱਚ ਚਲਾਏ ਜਾਂਦੇ ਇਸ ਸਵੈ-ਸੇਵੀ ਗਰੁੱਪ ਵੱਲੋਂ ਸਾਰੀਆਂ ਕੰਮ ਕਰਨ ਵਾਲੀਆਂ ਬੀਬੀਆਂ ਨੂੰ ਨਾਲੋ-ਨਾਲ ਅਦਾਇਗੀ ਕਰ ਦਿੱਤੀ ਜਾਂਦੀ ਹੈ ।

ਬੀਬੀ ਗੁਰਦੀਪ ਕੌਰ ਦੇ ਪਤੀ ਸੂਬੇਦਾਰ ਚਮਕੌਰ ਸਿੰਘ ਮਿਹਨਤੀ ਇਨਸਾਨ ਹਨ ਜਿਨ੍ਹਾਂ 19 ਸਾਲ ਤੋਂ ਵਧੇਰੇ ਫੌਜ ਦੀ ਨੌਕਰੀ ਕੀਤੀ । ਸੇਵਾ-ਮੁਕਤੀ ਉਪਰੰਤ ਉਹ ਵਿਹਲੇ ਨਹੀਂ ਬੈਠੇ । ਸਗੋਂ ਆਪਣੇ ਬੇਟੇ ਅਮਨਦੀਪ ਸਿੰਘ ਨੂੰ ਵੀ ਨਾਲ ਜੋੜਿਆ ਜੋ ਕੰਮਕਾਜ ਵਿੱਚ ਪੂਰੀ ਮਦਦ ਕਰਦਾ ਹੈ । ਸ਼ੁਰੂਆਤੀ ਦੌਰ ਵਿੱਚ ਗੁਰਦੀਪ ਕੌਰ ਨੇ ਖੁੰਬਾਂ ਦਾ ਕੰਮ ਸ਼ੁਰੂ ਕੀਤਾ । ਆਰੰਭ ਵਿੱਚ 10 ਕੁਇੰਟਲ ਤੂੜੀ ਤੋਂ ਖੁੰਬਾਂ ਤਿਆਰ ਕੀਤੀਆਂ। ਅੱਜ 70-80 ਕੁਇੰਟਲ ਤੋਂ ਖੁੰਬਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

ਬੀਬੀ ਗੁਰਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਉਤਪਾਦਨ ਵੇਚਣ ਲਈ ਕੋਈ ਦਿੱਕਤ ਨਹੀਂ ਆਉਂਦੀ। ਆਤਮਾ ਵੱਲੋਂ ਹਰ ਤਰ੍ਹਾਂ ਨਾਲ ਮਦਦ

ਕੀਤੀ ਜਾਂਦੀ ਹੈ। ਨਾਭਾ ਦੀ ਮਾਰਕੀਟ ਵਿੱਚ ਸਾਰਾ ਸਮਾਨ ਹੱਥੋਂ-ਹੱਥੀਂ ਵਿਕ ਜਾਂਦਾ ਹੈ। ਇਨ੍ਹਾਂ ਨੇ 1995 ਵਿੱਚ ਹੁਸ਼ਿਆਰਪੁਰ ਤੋਂ ਖੁੰਬਾਂ ਦੀ ਸਿਖਲਾਈ ਪ੍ਰਾਪਤ ਕੀਤੀ ਸੀ ਅਤੇ ਆਪਣੇ ਤਜ਼ਰਬਿਆਂ ਰਾਹੀਂ ਦੱਸਦੇ ਹਨ ਕਿ ਖੁੰਬਾਂ ਦੇ ਉਤਪਾਦਨ ਲਈ ਮਿਹਨਤ ਤਾਂ ਬਹੁਤ ਕਰਨੀ ਪੈਂਦੀ ਹੈ ਪਰ ਇਨ੍ਹਾਂ ਦੀ ਮੰਗ ਬਹੁਤ ਹੈ। ਆਤਮਾ ਕਿਸਾਨ ਹੱਟ ਤੋਂ ਰੋਜ਼ਾਨਾਂ ਦੀ ਵਿਕਰੀ 2000-2500 ਰੁ: ਤੱਕ ਹੈ। ਜਦ ਕਿ ਕੰਮ ਕਰਨ ਵਾਲੀਆਂ ਬੀਬੀਆਂ ਨੂੰ 25 ਰੁ: ਘੰਟੇ ਦੇ ਹਿਸਾਬ ਨਾਲ ਸਾਰਾ ਖਰਚਾ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਖੁੰਬਾਂ ਤੋਂ ਆਮਦਨ ਲਾਗਤ ਦੇ ਹਿਸਾਬ ਨਾਲ ਵਧਦੀ ਘਟਦੀ ਰਹਿੰਦੀ ਹੈ। ਇਸ ਪਰਿਵਾਰ ਤੋਂ ਸੇਧ ਲੈ ਕੇ ਅਜਿਹੇ ਸਹਾਇਕ ਧੰਦਿਆਂ ਨੂੰ ਅਪਨਾਉਣਾ ਚਾਹੀਦਾ ਹੈ ਤਾਂ ਜੋ ਸਾਡੀ ਆਰਥਿਕ ਹਾਲਤ ਵਿੱਚ ਸੁਧਾਰ ਹੋ ਸਕੇ ।